

# California
# ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀਆਂ ਸਮੀਖਿਆ ਪ੍ਰਕਿਰਿਆਵ

ਜਨਵਰੀ 1, 2020 ਤੋਂ ਲਾਗੂ ਹੈ


JUDICIAL COUNCIL OF CALIFORNIA

COURT INTERPRETERS ADVISORY PANEL

# ਸਮੱਗਰੀ ਦੀ ਸਾਰਣੀ


A. ਉਦੇਸ਼ ........ 1

B. ਅਧਿਕਾਰ ਖੇਤਰ ........ 2

C. ਦੁਭਾਸ਼ੀਏ ਦੇ ਪ੍ਰਮਾਣ-ਪੱਤਰਾਂ 'ਤੇ ਪਾਬੰਦੀਆਂ ਵਾਸਤੇ ਆਧਾਰ ........ 2

D. ਸੀਮਾਵਾਂ ਦਾ ਕਾਨੂੰਨ ........ 3

E. ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਇੱਕ ਬੇਨਤੀ ਸਪੁਰਦ ਕਰਨਾ ........ 4

F. ਪ੍ਰਮਾਣ-ਪੱਤਰ ਦੀ ਸਮੀਖਿਆ ਲਈ ਬੇਨਤੀ ਦਾ ਮੁਲਾਂਕਣ ........ 5

G. ਪ੍ਰਮਾਣ-ਪੱਤਰ ਦੀ ਸਮੀਖਿਆ ਅਤੇ 'ਦੋਸ਼ ਲਗਾਉਣ ਵਾਲੇ ਦਸਤਾਵੇਜ਼' ਨੂੰ ਜਾਰੀ ਕਰਨ ਲਈ ਬੇਨਤੀ ਦੀ ਜਾਂਚ ........ 7

H. ਕਿਸੇ ਦੋਸ਼ ਲਗਾਉਣ ਵਾਲੇ ਦਸਤਾਵੇਜ਼ ਨੂੰ ਜਾਰੀ ਕੀਤੇ ਬਿਨਾਂ ਨਿਪਟਾਰਾ ........ 8

I. ਪ੍ਰਤੀਨਿਧਤਾ ਦਾ ਅਧਿਕਾਰ ........ 9

J. ਪ੍ਰਸ਼ਾਸ਼ਕੀ ਸੁਣਵਾਈਆਂ ਦੇ ਦਫਤਰ ਅਤੇ ਨਿਆਂਇਕ ਕਮੇਟੀ ਦੇ ਸਲਾਹਕਾਰੀ ਪੈਨਲ ਦੀ ਸਮੀਖਿਆ ਤੋਂ ਪਹਿਲਾਂ ਦੀਆਂ ਕਾਰਵਾਈਆਂ ........ 10

K. ਪਾਬੰਦੀ ਪ੍ਰਮਾਣ ਪੱਤਰ ਦੇ ਸੰਬੰਧ ਵਿੱਚ ........ 10

L. ਕਿਸੇ ਪ੍ਰਮਾਣ-ਪੱਤਰ 'ਤੇ ਪਾਬੰਦੀ ਦੀ ਅਧਿਸੂਚਨਾ ........ 11

M. ਅਪੀਲਾਂ ........ 12

N. ਮੁੜ-ਬਹਾਲੀ ........ 12

O. ਗੁਪਤਤਾ ........ 12

## California ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀਆਂ ਸਮੀਖਿਆ ਪ੍ਰਕਿਰਿਆਵਾਂ

### A. ਉਦੇਸ਼

ਅਦਾਲਤੀ ਦੁਭਾਸ਼ੀਏ ਅਦਾਲਤ ਅਤੇ ਸੀਮਤ-ਅੰਗਰੇਜ਼ੀ-ਨਿਪੁੰਨ ਵਰਤੋਂਕਾਰਾਂ ਵਿਚਕਾਰ ਦਰੁਸਤ ਸੰਚਾਰ ਨੂੰ ਸੁਵਿਧਾਜਨਕ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਅਹਿਮ ਕਾਰਜ ਨੂੰ ਕਰਨ ਵਿੱਚ, ਅਦਾਲਤੀ ਦੁਭਾਸ਼ੀਏ ਨੂੰ California ਅਦਾਲਤੀ ਨਿਯਮਾਂ ਦੇ ਨਿਯਮ 2.890 ਦੇ ਪੇਸ਼ੇਵਰਾਨਾ ਵਿਵਹਾਰ ਦੀਆਂ ਵਿਵਸਥਾਵਾਂ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। [1] California ਦੀ ਨਿਆਂਇਕ ਕਮੇਟੀ ਨੇ ਸਰਕਾਰੀ ਜ਼ਾਬਤੇ ਦੀ ਧਾਰਾ 68562(d) ਦੇ ਅਨੁਸਾਰ ਇਹਨਾਂ ਪ੍ਰਮਾਣ-ਪੱਤਰ ਸਮੀਖਿਆ ਪ੍ਰਕਿਰਿਆਵਾਂ ਨੂੰ ਅਪਣਾਇਆ ਹੈ, ਜੋ ਇਹ ਵਿਵਸਥਾ ਕਰਦਾ ਹੈ: "ਨਿਆਂਇਕ ਕਮੇਟੀ ਦੁਭਾਸ਼ੀਏ ਦੀ ਕੁਸ਼ਲਤਾ, ਨਿਰੰਤਰ ਸਿੱਖਿਆ, ਪ੍ਰਮਾਣਿਕਤਾ ਨੂੰ ਨਵਿਆਉਣ, ਅਤੇ ਅਨੁਸ਼ਾਸਨ ਵਾਸਤੇ ਮਿਆਰਾਂ ਅਤੇ ਲੋੜਾਂ ਨੂੰ ਅਪਣਾਏਗੀ। ਨਿਆਂਇਕ ਕਮੇਟੀ ਅਦਾਲਤ ਦੇ ਦੁਭਾਸ਼ੀਏ ਵਾਸਤੇ ਪੇਸ਼ੇਵਰਾਨਾ ਵਿਵਹਾਰ ਦੇ ਮਿਆਰਾਂ ਨੂੰ ਅਪਣਾਏਗੀ।"

ਇਹ ਪ੍ਰਕਿਰਿਆਵਾਂ ਹੇਠ ਲਿਖੇ ਰਾਹੀ ਪ੍ਰਮਾਣਿਤ ਅਤੇ ਪੰਜੀਕ੍ਰਿਤ ਅਦਾਲਤੀ ਦੁਭਾਸ਼ੀਏ ਵਾਸਤੇ ਪੇਸ਼ੇਵਰਾਨਾ ਮਿਆਰਾਂ ਨੂੰ ਮਜ਼ਬੂਤ ਕਰਦੀਆਂ ਹਨ:

1. ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਜਾਰੀ ਕਰਨ ਲਈ, ਅਤੇ ਪ੍ਰਮਾਣਿਤ ਅਤੇ ਪੰਜੀਕ੍ਰਿਤ ਅਦਾਲਤੀ ਦੁਭਾਸ਼ੀਆ ਦੇ ਖਿਲਾਫ ਪੇਸ਼ੇਵਰਾਨਾ ਦੁਰਾਚਾਰ ਜਾਂ ਦੁਰਵਿਵਹਾਰ ਦੇ ਦੋਸ਼ਾਂ ਦੀ ਸਮੀਖਿਆ ਕਰਨ ਲਈ ਆਪਣੀ ਅਧਿਕਾਰ ਤਹਿਤ ਨਿਆਂਇਕ ਕਮੇਟੀ ਵਾਸਤੇ ਇੱਕ ਵਿਧੀ ਸਥਾਪਤ ਕਰਨਾ;

2. ਪ੍ਰਮਾਣ-ਪੱਤਰ ਦੀ ਸਮੀਖਿਆ ਦੀ ਪ੍ਰਕਿਰਿਆ ਨੂੰ ਨਿਯੰਤ੍ਰਿਤ ਕਰਨ ਵਾਲੀਆਂ ਉਚਿਤ ਪ੍ਰਕਿਰਿਆ ਸੁਰੱਖਿਆਵਾਂ ਅਤੇ ਕਾਰਵਾਈਆਂ ਨੂੰ ਪਰਿਭਾਸ਼ਿਤ ਕਰਨਾ;

3. ਇਹ ਦੇਖਣਾ ਕਿ California ਵੱਲੋਂ ਪ੍ਰਮਾਣਿਤ ਅਤੇ ਪੰਜੀਕ੍ਰਿਤ ਅਦਾਲਤੀ ਦੁਭਾਸ਼ੀਏ ਅਭਿਆਸ ਦੇ ਘੱਟੋ-ਘੱਟ ਪੇਸ਼ੇਵਰਾਨਾ ਮਿਆਰਾਂ ਦੀ ਪੂਰਤੀ ਕਰਦੇ ਹਨ ਅਤੇ ਇਹਨਾਂ ਨੂੰ ਬਣਾਈ ਰੱਖਦੇ ਹਨ; ਅਤੇ

4. California ਵਿੱਚ ਪ੍ਰਮਾਣ-ਪੱਤਰ ਵਾਲੇ ਅਦਾਲਤੀ ਦੁਭਾਸ਼ੀਏ ਦੀ ਗੁਣਵੱਤਾ ਅਤੇ ਅਖੰਡਤਾ ਦੀ ਰੱਖਿਆ ਕਰਨਾ।

ਨਿਰਧਾਰਤ ਪ੍ਰਕਿਰਿਆਵਾਂ ਇਹ ਯਕੀਨੀ ਬਣਾਉਣ ਲਈ ਕਿ ਦੁਭਾਸ਼ੀਏ ਨਿਯਮ 2.890 ਵਿੱਚ ਦੱਸੇ ਅਨੁਸਾਰ *ਪੇਸ਼ੇਵਰਾਨਾ ਵਿਵਹਾਰ ਦੇ ਜ਼ਾਬਤਿਆਂ* ਦੀ ਪਾਲਣਾ ਕਰਦੇ ਹਨ, ਅਤੇ ਰੁਜ਼ਗਾਰ ਦੇਣ ਵਾਲਿਆਂ ਇਹ ਯਕੀਨੀ ਬਣਾਉਣ ਲਈ ਕਿ ਦੁਭਾਸ਼ੀਆ ਕਰਮਚਾਰੀ ਕਾਰਜ-ਸਥਾਨ ਦੀਆਂ ਨੀਤੀਆਂ ਦੀ ਪਾਲਣਾ ਕਰਦੇ ਹਨ, ਨਿਆਂਇਕ

---

[1] *California ਅਦਾਲਤੀ ਦੁਭਾਸ਼ੀਏ ਵਾਸਤੇ ਪੇਸ਼ੇਵਰਾਨਾ ਮਿਆਰ ਅਤੇ ਨੈਤਿਕਤਾ*, ਜੋ ਨਿਆਂਇਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ, California ਦੀ ਅਦਾਲਤ ਦੇ ਨਿਯਮਾਂ ਦੇ ਨਿਯਮ 2.890 ਵਿੱਚ ਨਿਰਧਾਰਤ ਸਿਧਾਂਤਾਂ ਅਤੇ ਲੋੜਾਂ 'ਤੇ ਆਧਾਰਿਤ ਹੈ। ਨਿਯਮਾਵਲੀ *www.courts.ca.gov/documents/CIP-Ethics-Manual.pdf* 'ਤੇ ਉਪਲਬਧ ਹੈ।

ਸੰਮਤੀ ਦੀਆਂ ਜ਼ਿੰਮੇਵਾਰੀਆਂ ਵਿਚਕਾਰ ਫਰਕ ਨੂੰ ਪਛਾਣਦੀਆਂ ਹਨ। ਮੁਕੱਦਮਾ ਚਲਾਉਣ ਵਾਲੀਆਂ ਅਦਾਲਤਾਂ ਕੋਲ ਆਪਣੀਆਂ ਸਥਾਨਕ ਕਰਮਚਾਰੀਆਂ ਨੀਤੀਆਂ, ਸਮੂਹਿਕ ਸੌਦੇਬਾਜ਼ੀ ਦੇ ਇਕਰਾਰਨਾਮਿਆਂ, ਅਤੇ ਸੁਤੰਤਰ ਇਕਰਾਰਨਾਮੇ ਦੇ ਦੁਭਾਸ਼ੀਆ ਨਾਲ ਇਕਰਾਰਨਾਮੇ ਦੇ ਸਮਝੌਤਿਆਂ ਨੂੰ ਲਾਗੂ ਕਰਨ ਦਾ ਅਧਿਕਾਰ ਹੁੰਦਾ ਹੈ।

ਪ੍ਰਮਾਣ-ਪੱਤਰ ਦੀ ਸਮੀਖਿਆ ਦੀਆਂ ਪ੍ਰਕਿਰਿਆਵਾਂ ਕਿਸੇ ਉੱਚ ਅਦਾਲਤ ਨੂੰ —ਜੋ ਅਦਾਲਤ ਦੇ ਲਾਗੂ ਹੋਣ ਵਾਲੇ ਸਮਝੌਤਾ-ਪੱਤਰ, ਕਰਮਚਾਰੀਆਂ ਦੀਆਂ ਨੀਤੀਆਂ, ਅਤੇ/ਜਾਂ ਸਥਾਨਕ ਨਿਯਮਾਂ ਦੇ ਅਨੁਸਾਰ— ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਜਾਂਚ ਕਰਨ, ਜਾਂਚਾਂ ਦਾ ਸੰਚਾਲਨ ਕਰਨ, ਅਤੇ ਦੁਭਾਸ਼ੀਏ ਦੇ ਕਰਮਚਾਰੀਆਂ ਜਾਂ ਠੇਕੇਦਾਰਾਂ ਦੇ ਖਿਲਾਫ ਜ਼ਰੂਰੀ ਅਨੁਸ਼ਾਸ਼ਨੀ ਜਾਂ ਸੁਧਾਰਾਤਮਕ ਕਾਰਵਾਈ ਕਰਨ ਤੋਂ ਨਹੀਂ ਰੋਕਦੀਆਂ ਹਨ ਜੋ ਕਿਸੇ ਅਦਾਲਤ ਦੇ ਨਿਯਮਾਂ, ਨੀਤੀਆਂ, ਅਤੇ ਪ੍ਰਕਿਰਿਆਵਾਂ ਦੀ ਉਲੰਘਣਾ ਕਰਦੇ ਹਨ, ਪਰ ਇਸਦੀ ਬਜਾਏ ਸਥਾਨਕ ਅਦਾਲਤੀ ਕਾਰਵਾਈਆਂ ਦੇ ਪੂਰਕ ਹੁੰਦੇ ਹਨ।

ਪ੍ਰਮਾਣ-ਪੱਤਰ ਦੀ ਸਮੀਖਿਆ ਦੀਆਂ ਪ੍ਰਕਿਰਿਆਵਾਂ ਕਿਸੇ ਦੁਭਾਸ਼ੀਏ ਦੇ ਕੰਮ ਦੇ ਪ੍ਰਦਰਸ਼ਨ ਤੋਂ ਪੈਦਾ ਹੋਣ ਵਾਲੇ ਅਨੁਸ਼ਾਸ਼ਨ ਤੋਂ ਵੱਖਰੀਆਂ ਹੁੰਦੀਆਂ ਹਨ। ਪਰ, ਕਿਸੇ ਕਰਮਚਾਰੀ ਦੁਭਾਸ਼ੀਏ 'ਤੇ ਅਦਾਲਤ ਵਿਖੇ ਅਨੁਸ਼ਾਸ਼ਨੀ ਕਾਰਵਾਈਆਂ ਜਾਂ ਸੋਧਮਈ ਕਾਰਵਾਈਆਂ ਨੂੰ ਪ੍ਰਮਾਣ-ਪੱਤਰ ਦੀ ਸਮੀਖਿਆ ਦੀ ਪ੍ਰਕਿਰਿਆ ਵਿੱਚ, ਜਾਂ, ਦੁਰਵਿਵਹਾਰ ਦੇ ਕਿਸੇ ਦੋਸ਼ ਜਾਂ ਚੱਲ ਰਹੇ ਪ੍ਰਦਰਸ਼ਨ ਦੇ ਮੁੱਦਿਆਂ ਦੇ ਨਤੀਜੇ ਵਜੋਂ ਅਦਾਲਤ ਨਾਲ ਕਿਸੇ ਸੁਤੰਤਰ ਦੁਭਾਸ਼ੀਏ ਦੇ ਇਕਰਾਰਨਾਮੇ ਦੇ ਸਮਝੌਤੇ 'ਤੇ ਕੀਤੀਆਂ ਗਈਆਂ ਕਾਰਵਾਈਆਂ ਦੇ ਸਬੰਧ ਵਿੱਚ ਵਿਚਾਰਿਆ ਜਾ ਸਕਦਾ ਹੈ।

### B. ਅਧਿਕਾਰ ਖੇਤਰ

ਪ੍ਰਮਾਣਿਤ ਅਦਾਲਤ ਅਤੇ ਪੰਜੀਕ੍ਰਿਤ ਦੁਭਾਸ਼ੀਆ ਦੇ ਮਾਹਰਾਂ ਦੀ ਸੂਚੀ 'ਤੇ ਹਰੇਕ ਪ੍ਰਮਾਣਿਤ ਜਾਂ ਪੰਜੀਕ੍ਰਿਤ ਬੋਲੀ ਜਾਣ ਵਾਲੀ ਭਾਸ਼ਾ ਦਾ ਦੁਭਾਸ਼ੀਆ ਇਹਨਾਂ ਪ੍ਰਕਿਰਿਆਵਾਂ ਤਹਿਤ ਆਉਂਦਾ ਹੈ।[2] ਇਹਨਾਂ ਪ੍ਰਕਿਰਿਆਵਾਂ ਨੂੰ ਲਾਗੂ ਕਰਨ ਅਤੇ ਇਹਨਾਂ ਦੇ ਤਹਿਤ ਕਾਰਜ ਕਰਨ ਲਈ, ਕਿਸੇ ਦੁਭਾਸ਼ੀਏ ਉੱਤੇ ਅਧਿਕਾਰ-ਖੇਤਰ ਮੌਜੂਦ ਹੈ ਚਾਹੇ ਦੁਭਾਸ਼ੀਆ California ਵਿੱਚ ਰਹਿੰਦਾ ਹੋਵੇ ਜਾਂ ਨਾ।

### C. ਦੁਭਾਸ਼ੀਏ ਦੇ ਪ੍ਰਮਾਣ-ਪੱਤਰਾਂ 'ਤੇ ਪਾਬੰਦੀਆਂ ਵਾਸਤੇ ਆਧਾਰ

California ਵਿੱਚ ਅਦਾਲਤ ਦੇ ਦੁਭਾਸ਼ੀਆਂ ਨੂੰ ਪ੍ਰਮਾਣ-ਪੱਤਰ ਜਾਰੀ ਕਰਨ ਲਈ ਜ਼ਿੰਮੇਵਾਰ ਸੰਸਥਾ ਵਜੋਂ, ਅਦਾਲਤੀ ਦੁਭਾਸ਼ੀਆ ਕਾਰਜਕ੍ਰਮ (Court Interpreters Program, CIP) ਦੀ ਨਿਆਂਇਕ ਕਮੇਟੀ, California ਦੀ ਕਿਸੇ ਵੀ ਅਦਾਲਤ ਵੱਲੋਂ ਪ੍ਰਮਾਣਿਤ ਜਾਂ ਪੰਜੀਕ੍ਰਿਤ ਦੁਭਾਸ਼ੀਏ 'ਤੇ ਪਾਬੰਦੀਆਂ ਲਗਾ ਸਕਦੀ ਹੈ,

---

[2] ਅਮਰੀਕਾ ਦੇ ਸੰਕੇਤਕ-ਭਾਸ਼ਾ ਵਾਲੇ ਦੁਭਾਸ਼ੀਆ, ਬੋਲ਼ਿਆਂ ਲਈ ਦੁਭਾਸ਼ੀਆ ਦੇ ਰਜਿਸਟਰੀ-ਦਫਤਰ (Registry of Interpreters for the Deaf (RID)) ਰਾਹੀਂ ਪ੍ਰਮਾਣਿਤ ਕੀਤੇ ਜਾਂਦੇ ਹਨ। ਬੋਲ਼ਿਆਂ ਲਈ-ਪ੍ਰਮਾਣਿਤ ਦੁਭਾਸ਼ੀਏ ਦੀ ਸਮੀਖਿਆ ਵਾਸਤੇ ਬੇਨਤੀ ਦਾਇਰ ਕਰਨ ਬਾਰੇ ਜਾਣਕਾਰੀ *www.rid.org/ethics/file-a-complaint/* 'ਤੇ ਦੇਖੀ ਜਾ ਸਕਦੀ ਹੈ।

## California ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀਆਂ ਸਮੀਖਿਆ ਪ੍ਰਕਿਰਿਆਵਾਂ

ਜਿਸ ਵਿੱਚ ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਨੂੰ ਰੱਦ ਕਰਨਾ ਵੀ ਸ਼ਾਮਿਲ ਹੈ। ਪਾਬੰਦੀਆਂ ਦੇ ਆਧਾਰਾਂ ਵਿੱਚ ਇਹ ਸ਼ਾਮਿਲ ਹੋ ਸਕਦੇ ਹਨ

1. California ਦੀ ਅਦਾਲਤ ਦੇ ਨਿਯਮਾਂ ਦੇ ਨਿਯਮ 2.890 ਦੀ ਉਲੰਘਣਾ;

2. ਕੁੱਲ ਅਯੋਗਤਾ;

3. ਕਿਸੇ ਪ੍ਰਮਾਣਿਤ ਅਦਾਲਤ ਜਾਂ ਪੰਜੀਕ੍ਰਿਤ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀ ਜਾਣ-ਬੁੱਝ ਕੇ ਗਲਤ ਜਾਣਕਾਰੀ ਦੇਣਾ, ਜਿਸ ਵਿੱਚ ਕਿਸੇ ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀ ਮੁਅੱਤਲੀ ਜਾਂ ਖੰਡਨ ਬਾਰੇ ਸੰਬੰਧਿਤ ਧਿਰਾਂ ਨੂੰ ਸੂਚਿਤ ਕਰਨ ਵਿੱਚ ਅਸਫਲਤਾ ਵੀ ਸ਼ਾਮਲ ਹੈ;

4. ਕਿਸੇ ਅਧਿਕਾਰਿਤ ਸਮਰੱਥਾ ਵਿੱਚ ਸੇਵਾ ਕਰਦੇ ਸਮੇਂ ਹਾਸਲ ਕੀਤੀ ਗੁਪਤ ਜਾਂ ਵਿਸ਼ੇਸ਼-ਅਧਿਕਾਰਾਂ ਵਾਲੀ ਜਾਣਕਾਰੀ ਦਾ ਜਾਣ-ਬੁੱਝ ਕੇ ਅਤੇ ਅਣਗਹਿਲੀ ਨਾਲ ਖੁਲਾਸਾ ਕਰਨਾ;

5. ਕਿਸੇ ਅਦਾਲਤ ਦੇ ਦੁਭਾਸ਼ੀਏ ਦੇ ਕਰੱਤਵਾਂ ਅਤੇ ਫਰਜ਼ਾਂ ਨਾਲ ਸੰਬੰਧਿਤ ਧੋਖਾਧੜੀ, ਬੇਈਮਾਨੀ, ਜਾਂ ਭ੍ਰਿਸ਼ਟਾਚਾਰ;

6. ਕਿਸੇ ਘੋਰ-ਅਪਰਾਧ ਜਾਂ ਦੁਰਵਿਵਹਾਰ ਦਾ ਦੋਸ਼;

7. California ਜਾਂ ਸੰਘੀ ਕਨੂੰਨ ਦੀ ਉਲੰਘਣਾ, ਜਿਸ ਵਿੱਚ ਭੇਦਭਾਵ ਅਤੇ ਪਰੇਸ਼ਾਨ ਕਰਨ ਸੰਬੰਧੀ ਕਨੂੰਨ ਵੀ ਸ਼ਾਮਿਲ ਹਨ;

8. ਬੰਦ ਕਰਨ ਲਈ, ਅਧਿਸੂਚਨਾ ਪ੍ਰਾਪਤ ਹੋਣ ਦੇ ਬਾਅਦ ਗਲਤ ਜਾਂ ਧੋਖੇ ਵਾਲੀ ਇਸ਼ਤਿਹਾਰਬਾਜ਼ੀ; ਅਤੇ

9. ਇਹਨਾਂ ਪ੍ਰਕਿਰਿਆਵਾਂ ਦੁਆਰਾ ਲਗਾਈਆਂ ਗਈਆਂ ਡਿਊਟੀਆਂ ਦੀ ਉਲੰਘਣਾ।

### D. ਸੀਮਾਵਾਂ ਦਾ ਕਾਨੂੰਨ

ਕਥਿਤ ਦੁਰਵਿਵਹਾਰ ਦੀ ਪ੍ਰਮਾਣ-ਪੱਤਰ ਸਮੀਖਿਆ ਵਾਸਤੇ ਬੇਨਤੀਆਂ ਜਿਵੇਂ ਕਿ ਧਾਰਾ C, ਦੁਭਾਸ਼ੀਆ ਦੇ ਪ੍ਰਮਾਣ-ਪੱਤਰਾਂ 'ਤੇ ਪਾਬੰਦੀਆਂ ਦੇ ਆਧਾਰਾਂ, ਵਿੱਚ ਪਛਾਣਿਆ ਗਿਆ ਹੈ, ਕਥਿਤ ਦੁਰਵਿਵਹਾਰ ਦੇ ਵਾਪਰਨ ਦੇ 90 ਦਿਨਾਂ ਤੋਂ ਵਧੇਰੇ ਸਮੇਂ ਬਾਅਦ ਕਿਸੇ ਵਿਅਕਤੀ ਵਿਸ਼ੇਸ਼ ਜਾਂ **ਅਦਾਲਤ ਤੋਂ ਬਿਨਾਂ** ਕਿਸੇ ਹੋਰ ਸੰਸਥਾ ਦੁਆਰਾ, CIP ਨੂੰ ਸੌਂਪੀਆਂ ਗਈਆਂ ਹਨ, ਇਹਨਾ ਨੂੰ ਬੇਵਕਤੀ ਵਜੋਂ ਰੱਦ ਕਰ ਦਿੱਤਾ ਜਾਵੇਗਾ, ਅਤੇ ਕੋਈ ਵੀ ਅਗਲੇਰੀ ਕਾਰਵਾਈ ਨਹੀਂ ਕੀਤੀ ਜਾਵੇਗੀ।

**California ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੀਆਂ ਸਮੀਖਿਆ ਪ੍ਰਕਿਰਿਆਵਾਂ**

ਜੇ ਕਿਸੇ ਹੇਠਲੀ ਅਦਾਲਤ ਨੂੰ ਕੋਈ ਅਜਿਹੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਜਿਸ ਵਾਸਤੇ ਪ੍ਰਮਾਣ-ਪੱਤਰ ਦੀ ਸਮੀਖਿਆ ਦੀ ਲੋੜ ਪੈ ਸਕਦੀ ਹੈ, ਤਾਂ ਹੇਠ-ਲਿਖੀਆਂ ਸਮਾਂ ਸੀਮਾਵਾਂ ਲਾਗੂ ਹੁੰਦੀਆਂ ਹਨ:

1. ਹੇਠਲੀ ਅਦਾਲਤ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੁਆਰਾ, ਜਾਂ ਜੋ ਕਿਸੇ ਸੁਤੰਤਰ ਠੇਕੇਦਾਰ ਦੇ ਸੰਬੰਧ ਵਿੱਚ ਹਨ, ਇਹਨਾਂ ਨੂੰ ਕਥਿਤ ਦੁਰਵਿਵਹਾਰ ਦੇ 90 ਦਿਨਾਂ ਦੇ ਅੰਦਰ CIP ਨੂੰ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀਆਂ ਲਾਜ਼ਮੀ ਤੌਰ 'ਤੇ ਸੌਂਪੀਆਂ ਜਾਣੀਆਂ ਚਾਹੀਦੀਆਂ ਹਨ।

2. ਰੁਜ਼ਗਾਰ ਦੇਣ ਵਾਲੀ ਸੰਸਥਾ ਵਜੋਂ, ਕਿਸੇ ਅਦਾਲਤ ਨੂੰ ਸਥਾਨਕ ਤੌਰ 'ਤੇ ਕਰਮਚਾਰੀ ਦੇ ਦੁਰਵਿਵਹਾਰ ਦੇ ਕਿਸੇ ਵੀ ਦੋਸ਼ ਦੀ ਜਾਂਚ ਕਰਨੀ ਚਾਹੀਦੀ ਹੈ। ਜੇ ਜਾਂਚ ਦੇ ਨਤੀਜੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਪਾਬੰਦੀ ਦੀ ਮੰਗ ਕਰ ਸਕਦੇ ਹਨ, ਤਾਂ ਅਦਾਲਤ ਨੂੰ ਲਾਜ਼ਮੀ ਤੌਰ 'ਤੇ ਜਾਂਚ ਦੀ ਸਮਾਪਤੀ ਦੇ 30 ਦਿਨਾਂ ਦੇ ਅੰਦਰ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਸੌਂਪਣੀ ਚਾਹੀਦੀ ਹੈ; ਜਾਂ

   a. ਜੇ ਕਿਸੇ ਅਦਾਲਤ ਨੂੰ ਜਾਂਚ ਕਰਨ ਵਿੱਚ ਸਹਾਇਤਾ ਦੀ ਲੋੜ ਪੈਂਦੀ ਹੈ ਅਤੇ ਇਹ ਨਿਰਣਾ ਕੀਤਾ ਜਾਂਦਾ ਹੈ ਕਿ ਇੱਕ ਪ੍ਰਮਾਣ-ਪੱਤਰ ਸਮੀਖਿਆ ਦੀ ਲੋੜ ਹੈ, ਤਾਂ ਅਦਾਲਤ ਨੂੰ ਕਥਿਤ ਦੁਰਵਿਵਹਾਰ ਦੀ ਤਾਰੀਖ਼ ਤੋਂ 90 ਦਿਨਾਂ ਦੇ ਅੰਦਰ CIP ਨੂੰ ਬੇਨਤੀ ਸੌਂਪਣੀ ਲਾਜ਼ਮੀ ਹੈ; ਜਾਂ

   b. ਜੇ 90-ਦਿਨ ਦੀ ਮਿਆਦ ਲੰਘ ਗਈ ਹੈ, ਤਾਂ ਅਦਾਲਤ ਨੂੰ ਕਥਿਤ ਦੁਰਵਿਵਹਾਰ ਤੋਂ ਸੁਚੇਤ ਹੋਣ ਦੇ 30 ਦਿਨਾਂ ਦੇ ਅੰਦਰ, ਜਾਂ ਵਿਵਹਾਰ ਦੀ ਚੱਲ ਰਹੀ ਵੰਨਗੀ ਨੂੰ ਸੰਬੋਧਿਤ ਕਰਨ ਦੇ ਬਾਅਦ, ਜਿਸ ਵਾਸਤੇ ਕਿਸੇ ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਪਾਬੰਦੀ ਦੀ ਲੋੜ ਪੈ ਸਕਦੀ ਹੈ, ਜੋ ਕਿ ਲਾਜ਼ਮੀ ਤੌਰ 'ਤੇ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ CIP ਕੋਲ ਸੌਂਪਣੀ ਚਾਹੀਦੀ ਹੈ।

**E. ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਇੱਕ ਬੇਨਤੀ ਸਪੁਰਦ ਕਰਨਾ**

ਕੋਈ ਵੀ ਵਿਅਕਤੀ ਜਾਂ ਸੰਸਥਾ, ਜਿਸ ਵਿੱਚ ਅਦਾਲਤ ਵੀ ਸ਼ਾਮਿਲ ਹੈ, ਕਿਸੇ ਬੋਲੀ ਜਾਣ ਵਾਲੀ ਭਾਸ਼ਾ ਦੇ ਦੁਭਾਸ਼ੀਏ ਦੇ ਸੰਬੰਧ ਵਿੱਚ CIP ਨੂੰ ਇੱਕ ਪ੍ਰਮਾਣ-ਪੱਤਰ ਸਮੀਖਿਆ ਵਾਸਤੇ ਬੇਨਤੀ ਸੌਂਪ ਸਕਦੇ ਹਨ ਜੋ ਕਿ California ਵੱਲੋਂ ਪ੍ਰਮਾਣਿਤ ਅਦਾਲਤ ਹੈ ਜਾਂ ਪੰਜੀਕ੍ਰਿਤ ਦੁਭਾਸ਼ੀਆ ਹੈ ਅਤੇ ਜਿਸਨੂੰ ਮਾਹਰਾਂ ਦੀ ਸੂਚੀ ਵਿੱਚ ਦਾਖਲ ਕੀਤਾ ਗਿਆ ਹੈ। ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ:

1. ਸ਼ਿਕਾਇਤ ਫਾਰਮ ਦੀ ਵਰਤੋਂ ਕਰਕੇ ਸੌਂਪੀ ਜਾਣੀ ਲਾਜ਼ਮੀ ਹੈ, ਜੋ California ਅਦਾਲਤਾਂ ਦੀ ਵੈੱਬਸਾਈਟ ਦੇ "Court Interpreters Program (ਅਦਾਲਤੀ ਦੁਭਾਸ਼ੀਆ ਕਾਰਜਕ੍ਰਮ)" ਵੈੱਬ ਪੰਨੇ 'ਤੇ ਉਪਲਬਧ ਹੈ: *https://www.courts.ca.gov/42807.htm.*

2. ਸਹੁੰ ਖਾ ਕੇ ਝੂਠਾ ਬਿਆਨ ਦੇਣ ਦੇ ਹਰਜਾਨੇ ਤਹਿਤ ਲਾਜ਼ਮੀ ਤੌਰ 'ਤੇ ਦਸਤਖਤ ਕੀਤੇ ਜਾਣੇ ਚਾਹੀਦੇ ਹਨ ਅਤੇ ਤਾਰੀਖ਼ ਲਿਖੀ ਜਾਣੀ ਚਾਹੀਦੀ ਹੈ। ਪ੍ਰਮਾਣ-ਪੱਤਰ ਦੀ ਸਮੀਖਿਆ ਦੀ ਪ੍ਰਕਿਰਿਆ ਦੌਰਾਨ, ਕਿਸੇ ਸ਼ਿਕਾਇਤ ਕਰਤਾ ਦੀ ਪਛਾਣ ਦੀ ਗੁਪਤਤਾ ਨੂੰ ਕਨੂੰਨ ਵੱਲੋਂ ਆਗਿਆ ਦਿੱਤੀ ਜਾਂਦੀ ਹੱਦ ਤੱਕ ਸਾਂਭ ਕੇ ਰੱਖਿਆ ਜਾਵੇਗਾ।

3. ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਵਿੱਚ ਕਥਿਤ ਦੁਰਵਿਵਹਾਰ ਦਾ ਵਿਸਤਰਿਤ ਵਰਣਨ ਸ਼ਾਮਿਲ ਹੋਣਾ ਲਾਜ਼ਮੀ ਹੈ ਜਿਸ ਵਿੱਚ ਸ਼ਾਮਲ ਹਨ, ਜੇ ਪਤਾ ਹੋਵੇ ਜਾਂ ਉਪਲਬਧ ਹੋਵੇ, ਤਾਂ ਤਾਰੀਖ਼, ਸਮਾਂ, ਟਿਕਾਣਾ, ਦੁਭਾਸ਼ੀਏ ਦਾ ਨਾਮ, ਦੁਭਾਸ਼ੀਏ ਦਾ ਬੈਜ ਨੰਬਰ, ਵਿਆਖਿਆ ਕੀਤੀ ਕਾਰਵਾਈ ਦਾ ਮੁਕੱਦਮਾ ਫਾਈਲ ਨੰਬਰ, ਕਿਸੇ ਵੀ ਸੰਭਾਵੀ ਗਵਾਹਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ, ਅਤੇ ਦੋਸ਼ਾਂ ਦਾ ਸਮਰਥਨ ਕਰਨ ਵਾਲੇ ਕੋਈ ਦਸਤਾਵੇਜ਼ ਜਾਂ ਸਬੂਤ ਸ਼ਾਮਿਲ ਹਨ।

4. ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਨੂੰ ਲਾਜ਼ਮੀ ਤੌਰ 'ਤੇ CIP ,ਜਾਂ ਉਸ ਸਥਾਨਕ ਅਦਾਲਤ ਨੂੰ ਸੌਂਪਿਆ ਜਾਣਾ ਚਾਹੀਦਾ ਹੈ ਜਿੱਥੇ ਦੋਸ਼ ਲਾਇਆ ਗਿਆ ਸੀ। ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਨੂੰ ਖੁਦ ਹਾਜ਼ਰ ਹੋ ਕੇ ਸਪੁਰਦ ਕੀਤਾ ਜਾ ਸਕਦਾ ਹੈ ਜਾਂ ਇਸ ਪਤੇ 'ਤੇ ਡਾਕ ਰਾਹੀਂ ਭੇਜਿਆ ਜਾ ਸਕਦਾ ਹੈ:

   Judicial Council of California
   Court Interpreters Program
   455 Golden Gate Avenue
   San Francisco, CA 94102-3688

   ਇੱਕ ਪ੍ਰਮਾਣ-ਪੱਤਰ ਦੀ ਸਮੀਖਿਆ ਦੀ ਬੇਨਤੀ ਕਰਨ ਵਾਲਾ ਸ਼ਿਕਾਇਤ ਫਾਰਮ, ਸਹਾਇਕ ਦਸਤਾਵੇਜ਼ਾਂ ਦੇ ਨਾਲ, ਇਸ ਪਤੇ 'ਤੇ ਈਮੇਲ ਰਾਹੀਂ ਵੀ ਭੇਜਿਆ ਜਾ ਸਕਦਾ ਹੈ: credreview@jud.ca.gov।

**F. ਪ੍ਰਮਾਣ-ਪੱਤਰ ਦੀ ਸਮੀਖਿਆ ਲਈ ਬੇਨਤੀ ਦਾ ਮੁਲਾਂਕਣ**

ਪ੍ਰਮਾਣ-ਪੱਤਰ ਸਮੀਖਿਆ ਲਈ ਬੇਨਤੀ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ, CIP ਦਾ ਅਮਲਾ ਪ੍ਰਮਾਣ-ਪੱਤਰ ਦੀ ਸਮੀਖਿਆ ਲਈ ਬੇਨਤੀ ਦਾ ਮੁਲਾਂਕਣ ਕਰੇਗਾ ਅਤੇ ਇਹ ਨਿਰਧਾਰਿਤ ਕਰੇਗਾ ਕਿ ਕੀ ਇਹ ਪੂਰਾ ਹੋ ਗਿਆ ਹੈ, ਅਧਿਕਾਰ-ਖੇਤਰ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ, ਅਤੇ ਕਾਫ਼ੀ ਤੱਥਾਂ ਵਾਲੇ ਦੋਸ਼ ਪ੍ਰਦਾਨ ਕਰਦਾ ਹੈ ਜੋ, ਜੇ ਸਹੀ ਹੈ, ਤਾਂ ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ''ਤੇ ਪਾਬੰਦੀਆਂ ਲਾਉਣ ਤੱਕ ਅਤੇ ਰੱਦ ਕਰਨ ਸਮੇਤ ਆਧਾਰ ਦਾ ਗਠਨ ਕਰੇਗਾ।

1. ਸ਼ਿਕਾਇਤਕਰਤਾ ਨੂੰ ਪ੍ਰਮਾਣ-ਪੱਤਰ ਦੀ ਸਮੀਖਿਆ ਲਈ ਬੇਨਤੀ ਦੇ ਪ੍ਰਾਪਤ ਹੋਣ ਦੇ 45 ਦਿਨਾਂ ਦੇ ਅੰਦਰ ਸੂਚਿਤ ਕੀਤਾ ਜਾਵੇਗਾ ਅਤੇ ਸ਼ਿਕਾਇਤਕਰਤਾ ਨੂੰ ਸੂਚਿਤ ਕੀਤਾ ਜਾਵੇਗਾ ਕਿ ਬੇਨਤੀ ਪ੍ਰਾਪਤ ਹੋ ਗਈ ਹੈ ਅਤੇ ਜਿਸਦੀ ਸਮੀਖਿਆ ਕੀਤੀ ਜਾ ਰਹੀ ਹੈ; ਜਾਂ

2. ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਦਾ ਮੁਲਾਂਕਣ ਕਰਨ ਲਈ ਸ਼ਿਕਾਇਤ ਕਰਤਾ ਨੂੰ ਅਮਲੇ ਵਾਸਤੇ ਵਧੀਕ ਜਾਣਕਾਰੀ ਪ੍ਰਦਾਨ ਕਰਾਉਣ ਲਈ ਕਿਹਾ ਜਾ ਸਕਦਾ ਹੈ। ਸੰਪੂਰਕ ਜਾਣਕਾਰੀ ਲਾਜ਼ਮੀ ਤੌਰ 'ਤੇ 30 ਦਿਨਾਂ ਦੇ ਅੰਦਰ, ਜਾਂ CIP ਦੇ ਅਮਲੇ ਵੱਲੋਂ ਦਿੱਤੀਆਂ ਹਿਦਾਇਤਾਂ ਅਨੁਸਾਰ ਸੌਂਪੀ ਜਾਣੀ ਚਾਹੀਦੀ ਹੈ।

3. CIP ਦਾ ਅਮਲਾ ਸ਼ਿਕਾਇਤ ਕਰਤਾ ਨੂੰ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਦੇ ਸੰਬੰਧ ਵਿੱਚ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਸੂਚਿਤ ਕਰੇਗਾ, ਅਤੇ:

   a. ਜੇ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਅਧਿਕਾਰ-ਖੇਤਰ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੈ, ਤਾਂ ਉਸ ਦੁਭਾਸ਼ੀਏ ਨੂੰ ਲਿਖਤੀ ਨੋਟਿਸ ਪ੍ਰਦਾਨ ਕੀਤਾ ਜਾਵੇਗਾ ਜੋ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਦਾ ਪਾਤਰ ਹੈ। ਸੂਚਨਾ ਵਿੱਚ ਦੋਸ਼(ਸ਼ਾਂ) ਦਾ ਸਾਰ-ਅੰਸ਼, ਉਹ ਤਾਰੀਖ਼ ਜਦ ਦੋਸ਼(ਸ਼ਾਂ) ਵਾਲੀ ਘਟਨਾ ਹੋਈ ਸੀ, ਅਤੇ ਜਿਸ ਮੁਕੱਦਮੇ ਦੀ ਵਿਆਖਿਆ ਹੋ ਰਹੀ ਸੀ ਉਸਦਾ ਮੁਕੱਦਮਾ ਫਾਈਲ ਨੰਬਰ, ਜੇਕਰ ਇਹ ਉਪਲਬਧ ਹੁੰਦਾ ਹੈ ਜਾਂ ਲਾਗੂ ਹੁੰਦਾ ਹੈ। CIP ਦੇ ਅਮਲੇ ਦੁਆਰਾ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਪ੍ਰਾਪਤ ਹੋਣ ਦੇ 45 ਦਿਨਾਂ ਦੇ ਅੰਦਰ ਸੂਚਨਾ ਨੂੰ ਲਾਜ਼ਮੀ ਤੌਰ 'ਤੇ ਭੇਜਿਆ ਜਾਣਾ ਚਾਹੀਦਾ ਹੈ; ਜਾਂ

   b. ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਦੇ ਮੁਲਾਂਕਣ ਨੂੰ ਮੁਲਤਵੀ ਕੀਤਾ ਜਾ ਸਕਦਾ ਹੈ ਜੇਕਰ ਦੋਸ਼ ਵਿਚਾਰ-ਅਧੀਨ ਸਿਵਲ ਜਾਂ ਅਪਰਾਧਕ ਮੁਕੱਦਮੇਬਾਜ਼ੀ ਨਾਲ ਸੰਬੰਧਿਤ ਹਨ। CIP ਦਾ ਅਮਲਾ ਸ਼ਿਕਾਇਤ ਕਰਤਾ ਅਤੇ ਪਾਤਰ ਦੇ ਦੁਭਾਸ਼ੀਏ ਨੂੰ ਮੁਲਤਵੀ ਕਰਨ ਬਾਰੇ, ਮੁਲਤਵੀ ਕਰਨ ਦੇ ਕਾਰਨਾਂ, ਅਤੇ ਇਸਦੀ ਕਿਆਸੀ ਜਾਂਦੀ ਮਿਆਦ ਬਾਰੇ ਸੂਚਿਤ ਕਰੇਗਾ, ਜੇਕਰ ਜਾਣਕਾਰੀ ਹੋਵੇ।

4. ਜੇ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਵਿਚਲੇ ਦੋਸ਼ ਅਧਿਕਾਰ-ਖੇਤਰ ਦੀਆਂ ਉਹਨਾਂ ਲੋੜਾਂ ਦੀ ਪੂਰਤੀ ਨਹੀਂ ਕਰਦੇ ਜੋ ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਪਾਬੰਦੀਆਂ ਦਾ ਫਰਮਾਨ ਦਿੰਦੇ ਹਨ, ਤਾਂ ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਪ੍ਰਾਪਤ ਹੋਣ ਦੇ 45 ਦਿਨਾਂ ਦੇ ਅੰਦਰ ਸ਼ਿਕਾਇਤ ਕਰਤਾ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

5. ਪ੍ਰਮਾਣ-ਪੱਤਰ ਦੀ ਸਮੀਖਿਆ ਅਤੇ ਜਾਂਚਾਂ ਵਾਸਤੇ ਸਾਰੀਆਂ ਬੇਨਤੀਆਂ ਗੁਪਤ ਹਨ, ਸਿਵਾਏ ਉਸ ਸਮੇਂ ਦੇ ਜਦੋਂ ਧਾਰਾ L, ਪ੍ਰਮਾਣਿਕਤਾ 'ਤੇ ਪਾਬੰਦੀਆਂ ਦੀ ਅਧਿਸੂਚਨਾ ਵਿੱਚ ਪ੍ਰਦਾਨ ਕੀਤੇ ਅਨੁਸਾਰ ਪਾਬੰਦੀਆਂ ਲਗਾਉਣ ਲਈ ਇੱਕ ਅੰਤਿਮ ਨਿਰਣਾ ਕੀਤਾ ਜਾਂਦਾ ਹੈ।

6. ਅੰਤਿਮ ਨਿਰਣੇ, ਜਿਸ ਵਿੱਚ ਪਾਬੰਦੀ(ਆਂ) ਵਾਸਤੇ ਆਧਾਰ ਵੀ ਸ਼ਾਮਿਲ ਹਨ, ਜਨਤਾ ਵਾਸਤੇ ਪਹੁੰਚਣਯੋਗ ਬਣਾਇਆ ਜਾ ਸਕਦਾ ਹੈ ਜੋ ਜਨਤਕ ਖੁਲਾਸੇ ਨੂੰ ਸੰਚਾਲਿਤ ਕਰਦੇ ਨਿਯਮਾਂ ਅਤੇ California ਦੀ ਅਦਾਲਤ ਦੇ ਨਿਯਮਾਂ, ਨਿਯਮ 10.500 ਦੇ ਅਨੁਸਾਰ ਹੋਵੇ।

**G. ਪ੍ਰਮਾਣ-ਪੱਤਰ ਦੀ ਸਮੀਖਿਆ ਅਤੇ 'ਦੋਸ਼ ਲਗਾਉਣ ਵਾਲੇ ਦਸਤਾਵੇਜ਼' ਨੂੰ ਜਾਰੀ ਕਰਨ ਲਈ ਬੇਨਤੀ ਦੀ ਜਾਂਚ**

1. ਜਾਂਚ ਵਿੱਚ ਹੇਠ ਲਿਖੇ ਸ਼ਾਮਿਲ ਹੋ ਸਕਦੇ ਹਨ, ਪਰ ਸੂਚੀ ਇੱਥੋਂ ਤੱਕ ਹੀ ਸੀਮਤ ਨਹੀਂ ਹੈ

   a. ਸ਼ਿਕਾਇਤ ਕਰਤਾ, ਦੁਭਾਸ਼ੀਏ, ਗਵਾਹਾਂ, ਅਤੇ ਹੋਰ ਸੰਬੰਧਿਤ ਵਿਅਕਤੀਆਂ ਦੀ ਇੰਟਰਵਿਊ ਲੈਣਾ। ਜੇ ਦੁਭਾਸ਼ੀਆ ਭਾਗ ਨਾ ਲੈਣ ਦਾ ਫੈਸਲਾ ਕਰਦਾ ਹੈ ਜਾਂ ਸਵਾਲਾਂ ਦਾ ਜਵਾਬ ਨਹੀਂ ਦਿੰਦਾ, ਤਾਂ ਜਾਂਚ ਦੁਭਾਸ਼ੀਏ ਦੀ ਭਾਗੀਦਾਰੀ ਤੋਂ ਬਿਨਾਂ ਜਾਰੀ ਰਹਿ ਸਕਦੀ ਹੈ।

   b. ਰਿਕਾਰਡਾਂ, ਦਸਤਾਵੇਜ਼ਾਂ, ਮੁਕੱਦਮੇ ਦੀਆਂ ਫਾਈਲਾਂ, ਅਤੇ ਹੋਰ ਸਮੱਗਰੀਆਂ ਦੀ ਸਮੀਖਿਆ ਕਰਨਾ।

   c. ਦੁਭਾਸ਼ੀਏ ਅਤੇ ਹੋਰ ਸੰਬੰਧਿਤ ਵਿਅਕਤੀਆਂ ਕੋਲੋਂ ਜਾਣਕਾਰੀ ਅਤੇ ਸਮੱਗਰੀਆਂ ਦੀ ਬੇਨਤੀ ਕਰਨਾ। ਦੁਭਾਸ਼ੀਏ ਨੂੰ ਲਾਜ਼ਮੀ ਤੌਰ 'ਤੇ ਜਾਣਕਾਰੀ ਜਾਂ ਸਮੱਗਰੀਆਂ ਵਾਸਤੇ ਬੇਨਤੀ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ ਸਾਰੀਆਂ ਪੁੱਛਗਿੱਛਾਂ ਦਾ ਜਵਾਬ ਦੇਣਾ ਚਾਹੀਦਾ ਹੈ ਜਦ ਤੱਕ ਕਿ 'CIP' ਦਾ ਅਮਲਾ ਕਿਸੇ ਵਧੀਆ ਕਾਰਨ ਦੇ ਦਿਖਾਵੇ 'ਤੇ ਮਿਆਦ ਵਿੱਚ ਵਾਧਾ ਨਹੀਂ ਦਿੰਦਾ। ਜੇ ਦੁਭਾਸ਼ੀਆ ਜਾਣਕਾਰੀ ਜਾਂ ਸਮੱਗਰੀਆਂ ਵਾਸਤੇ ਬੇਨਤੀ ਦਾ ਹੁੰਗਾਰਾ ਨਾ ਭਰਨ ਦਾ ਫੈਸਲਾ ਕਰਦਾ ਹੈ, ਤਾਂ ਜਾਂਚ ਦੁਭਾਸ਼ੀਏ ਦੀ ਭਾਗੀਦਾਰੀ ਤੋਂ ਬਿਨਾਂ ਜਾਰੀ ਰਹਿ ਸਕਦੀ ਹੈ।

   d. ਅਦਾਲਤੀ ਦੁਭਾਸ਼ੀਏ ਵਜੋਂ ਸੇਵਾ ਨਿਭਾਉਣ ਦੇ ਕਰੱਤਵਾਂ ਅਤੇ ਲੋੜਾਂ ਬਾਰੇ ਕਿਸੇ ਵਿਸ਼ਾ ਵਸਤੂ ਮਾਹਰ ਨਾਲ ਸਲਾਹ-ਮਸ਼ਵਰਾ ਕਰਨਾ।

2. ਜਾਂਚ ਦੀ ਸਮਾਪਤੀ 'ਤੇ, ਜੇ ਇੱਕ ਜਾਂ ਵਧੇਰੇ ਪਾਬੰਦੀਆਂ ਦੇ ਆਧਾਰ ਮੌਜੂਦ ਹਨ, ਤਾਂ CIP ਦੇ ਅਮਲੇ ਜਾਂ ਇਸਦੇ ਕਨੂੰਨੀ ਸਲਾਹਕਾਰ ਦੁਆਰਾ ਇੱਕ 'ਦੋਸ਼ ਲਗਾਉਣ ਵਾਲਾ ਦਸਤਾਵੇਜ਼' ਤਿਆਰ ਕੀਤਾ ਜਾਂਦਾ ਹੈ ਜੋ ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਪਛਾਣੀਆਂ ਗਈਆਂ ਪਾਬੰਦੀਆਂ ਦਾ ਸਮਰਥਨ ਕਰਨ ਵਾਲੇ ਸਿੱਟਿਆਂ ਵਾਸਤੇ ਪ੍ਰਤੱਖ ਆਧਾਰ ਪ੍ਰਦਾਨ ਕਰਦਾ ਹੈ। ਦੋਸ਼ ਲਗਾਉਣ ਵਾਲਾ ਦਸਤਾਵੇਜ਼ ਨਾਲੋ-ਨਾਲ ਚੱਲੇਗਾ: (1) CIP ਦੇ ਅਮਲੇ ਜਾਂ ਦੁਭਾਸ਼ੀਏ 'ਤੇ ਇਸਦੇ ਕਨੂੰਨੀ ਸਲਾਹਕਾਰ ਦੁਆਰਾ ਸੇਵਾ ਪ੍ਰਦਾਨ ਕੀਤੀ ਜਾਵੇਗੀ; ਅਤੇ (2) ਪ੍ਰਸ਼ਾਸ਼ਕੀ ਸੁਣਵਾਈ ਲਈ ਦਫਤਰ (Office of Administrative Hearings, OAH) ਕੋਲ ਦਾਇਰ ਕੀਤੀ ਗਈ ਸੀ, ਜਿਸਦਾ ਇਸਦੇ ਬਾਅਦ ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੇ ਖਿਲਾਫ ਪਾਬੰਦੀਆਂ ਦੀ ਪੈਰਵਾਈ ਕਰਨ ਦੇ ਪ੍ਰਸ਼ਾਸ਼ਕੀ ਅਮਲ ਉੱਤੇ ਅਧਿਕਾਰ-ਖੇਤਰ ਹੋਵੇਗਾ। CIP ਦਾ ਅਮਲਾ ਆਪਣੇ ਇਖਤਿਆਰ ਵਿੱਚ ਦੁਭਾਸ਼ੀਏ ਨੂੰ ਅਗਾਊਂ ਸੂਚਨਾ ਪ੍ਰਦਾਨ ਕਰਾ ਸਕਦਾ ਹੈ ਕਿ ਇੱਕ ਦੋਸ਼ ਲਗਾਉਣ ਵਾਲਾ ਦਸਤਾਵੇਜ਼ ਦਾਇਰ ਕੀਤਾ ਜਾਵੇਗਾ।

3. ਇੱਕ ਵਾਰ ਜਦ ਕੋਈ ਦੋਸ਼ ਲਗਾਉਣ ਵਾਲਾ ਦਸਤਾਵੇਜ਼ ਦਾਇਰ ਕਰ ਦਿੱਤਾ ਜਾਂਦਾ ਹੈ ਅਤੇ ਦੋਸ਼ੀ ਨੂੰ ਦੇ ਦਿੱਤਾ ਜਾਂਦਾ ਹੈ, ਤਾਂ ਪ੍ਰਸ਼ਾਸ਼ਕੀ ਪ੍ਰਕਿਰਿਆ ਅਧਿਨਿਯਮ (Administrative Procedure Act, APA), ਸਰਕਾਰੀ

ਕੋਡ ਧਾਰਾ 11500 et seq. ਵਿੱਚ ਦੱਸੀਆਂ ਪ੍ਰਕਿਰਿਆਵਾਂ ਲਾਗੂ ਹੋਣਗੀਆਂ ਅਤੇ ਇਹਨਾਂ ਨੂੰ ਇੱਥੇ ਸ਼ਾਮਲ ਕੀਤਾ ਗਿਆ ਹੈ। ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੇ ਖਿਲਾਫ ਪਾਬੰਦੀਆਂ ਦੀ ਪਾਲਣਾ ਕਰਨ ਵਿੱਚ APA ਦੀਆਂ ਪ੍ਰਕਿਰਿਆਵਾਂ ਤਦ ਤੱਕ ਲਾਗੂ ਹੋਣਗੀਆਂ ਜਦ ਤੱਕ ਕਿ ਇਹਨਾਂ ਪ੍ਰਕਿਰਿਆਵਾਂ ਵਿਚਲੀ ਭਾਸ਼ਾ ਵਿਭਿੰਨ ਤਰੀਕੇ ਨਾਲ ਪ੍ਰਦਾਨ ਨਹੀਂ ਕਰਦੀ, ਜਿਸ ਸਥਿਤੀ ਵਿੱਚ ਇਹਨਾਂ ਪ੍ਰਕਿਰਿਆਵਾਂ ਵਿੱਚ ਭਾਸ਼ਾ ਨਿਯੰਤਰਿਤ ਹੋਵੇਗੀ।

4. ਸਬ-ਡਿਵੀਜ਼ਨ (5) ਤਹਿਤ ਹੇਠਾਂ ਨਿਰਧਾਰਤ ਕੀਤੇ ਅਨੁਸਾਰ ਨੇਕ ਨੀਤੀ ਵਾਲੇ ਵਿਵਾਦ ਦੇ ਨਿਪਟਾਰੇ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਿਲ ਹੋਣ ਦੇ ਬਾਅਦ ਦੁਭਾਸ਼ੀਆ ਦੋਸ਼ਾਂ ਦਾ ਮੁਕਾਬਲਾ ਕਰਨ ਲਈ ਸੁਣਵਾਈ ਦੀ ਬੇਨਤੀ ਕਰ ਸਕਦਾ ਹੈ। ਕਿਸੇ ਸੁਣਵਾਈ ਦੀ ਬੇਨਤੀ ਕਰਨ ਲਈ, ਦੁਭਾਸ਼ੀਏ ਨੂੰ ਲਾਜ਼ਮੀ ਤੌਰ 'ਤੇ ਦੋਸ਼ ਲਗਾਏ ਗਏ ਦਸਤਾਵੇਜ਼ ਨੂੰ ਪ੍ਰਾਪਤ ਕੀਤੇ ਜਾਣ ਦੇ 30 ਦਿਨਾਂ ਦੇ ਅੰਦਰ,ਨਿਆਂਇਕ ਕਮੇਟੀ ਦੇ ਅਦਾਲਤੀ ਦੁਭਾਸ਼ੀਆ ਕਾਰਜਕ੍ਰਮ ਦੇ ਦਫਤਰ, ਜਾਂ ਇਸਦੇ ਕਾਨੂੰਨੀ ਸਲਾਹਕਾਰ ਨੂੰ ਬਚਾਓ ਦਾ ਨੋਟਿਸ ਦੇਣਾ ਚਾਹੀਦਾ ਹੈ। ਬਚਾਓ ਪੱਖ ਦਾ ਨੋਟਿਸ ਭੇਜੇ ਜਾਣ 'ਤੇ, ਨਿਆਂਇਕ ਕਮੇਟੀ ਦੇ ਅਦਾਲਤੀ ਦੁਭਾਸ਼ੀਆ ਕਾਰਜਕ੍ਰਮ ਦੇ ਦਫਤਰ ਜਾਂ ਇਸਦਾ ਕਾਨੂੰਨੀ ਸਲਾਹਕਾਰ, ਪ੍ਰਸ਼ਾਸ਼ਕੀ ਸੁਣਵਾਈਆਂ ਦੇ ਦਫਤਰ ਦੇ ਨਾਲ ਇੱਕ ਸੁਣਵਾਈ ਦਾ ਸਮਾਂ ਤੈਅ ਕਰਨਗੇ। ਅੰਤਿਮ-ਸਮੇਂ ਤੱਕ ਬਚਾਅ ਦਾ ਨੋਟਿਸ ਸਮੇਂ ਸਿਰ ਪ੍ਰਦਾਨ ਕਰਾਉਣ ਵਿੱਚ ਅਸਫਲ ਰਹਿਣ ਦਾ ਨਤੀਜਾ ਸਰਕਾਰੀ ਜ਼ਾਬਤੇ ਦੀ ਧਾਰਾ 11520 ਦੀ ਤਾਮੀਲ ਕਰਦੇ ਹੋਏ ਤਜਵੀਜ਼ ਕੀਤੀਆਂ ਪਾਬੰਦੀਆਂ ਨੂੰ ਚੁਣੌਤੀ ਦੇਣ ਵਿੱਚ ਦੁਭਾਸ਼ੀਏ ਦੀ ਅਣਗਹਿਲੀ ਦੇ ਰੂਪ ਵਿੱਚ ਨਿਕਲੇਗਾ।

5. ਬਚਾਓ ਪੱਖ ਦਾ ਨੋਟਿਸ ਦਾਇਰ ਕਰਨ ਅਤੇ ਸੁਣਵਾਈ ਦੀ ਬੇਨਤੀ ਕਰਨ ਤੋਂ ਪਹਿਲਾਂ, ਦੁਭਾਸ਼ੀਏ ਅਤੇ CIP ਦੇ ਅਮਲੇ ਜਾਂ ਅਦਾਲਤੀ CIP ਦੇ ਕਨੂੰਨੀ ਸਲਾਹਕਾਰ ਨੂੰ ਲਾਜ਼ਮੀ ਤੌਰ 'ਤੇ ਨੇਕ ਨੀਤੀ ਵਿਵਾਦ ਦੇ ਨਿਪਟਾਰੇ ਦੀਆਂ ਗੈਰ-ਰਸਮੀਂ ਕੋਸ਼ਿਸ਼ਾਂ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ (ਦੂਜੇ ਸ਼ਬਦਾਂ ਵਿੱਚ, ਸੰਭਾਵੀ ਨਿਪਟਾਰੇ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਫ਼ੋਨ ਕਾਨਫਰੰਸ; ਕਿਸੇ ਤੀਜੀ ਧਿਰ ਦੇ ਸਾਹਮਣੇ ਰਸਮੀਂ ਵਿਚੋਲਗਿਰੀ ਦੀ ਲੋੜ ਨਹੀਂ ਹੈ)। ਜੇ ਉਹ ਦੋਸ਼ਾਂ ਨੂੰ ਹੱਲ ਕਰਨ ਦੇ ਅਯੋਗ ਹਨ, ਤਾਂ ਮੁਕੱਦਮੇ ਦੀ ਸੁਣਵਾਈ ਅੱਗੇ ਵਧੇਗੀ।

### H. ਕਿਸੇ ਦੋਸ਼ ਲਗਾਉਣ ਵਾਲੇ ਦਸਤਾਵੇਜ਼ ਨੂੰ ਜਾਰੀ ਕੀਤੇ ਬਿਨਾਂ ਨਿਪਟਾਰਾ

CIP ਅਮਲੇ ਦੀ ਮਨਜ਼ੂਰੀ ਦੇ ਨਾਲ, ਕਿਸੇ ਦੋਸ਼ ਲਗਾਉਣ ਵਾਲੇ ਦਸਤਾਵੇਜ਼ ਨੂੰ ਜਾਰੀ ਕਰਨ ਤੋਂ ਪਹਿਲਾਂ ਪ੍ਰਮਾਣ-ਪੱਤਰ ਸਮੀਖਿਆ ਵਾਸਤੇ ਇੱਕ ਬੇਨਤੀ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ।

1. ਪ੍ਰਮਾਣ-ਪੱਤਰ ਸਮੀਖਿਆ ਵਾਸਤੇ ਇੱਕ ਬੇਨਤੀ ਦਾ ਨਿਪਟਾਰਾ ਨਿਮਨਲਿਖਤ ਦੁਆਰਾ ਕੀਤਾ ਜਾ ਸਕਦਾ ਹੈ:

    a. ਦੋਸ਼ ਲਗਾਉਣ ਵਾਲੇ ਦਸਤਾਵੇਜ਼ ਨੂੰ ਜਾਰੀ ਕਰਨ ਤੋਂ ਪਹਿਲਾਂ ਸ਼ਿਕਾਇਤ ਕਰਤਾ ਦੁਆਰਾ ਪ੍ਰਮਾਣ-ਪੱਤਰ ਦੀ ਸਮੀਖਿਆ ਲਈ ਬੇਨਤੀ ਨੂੰ ਸਵੈਇੱਛਤ ਤੌਰ 'ਤੇ ਵਾਪਸ ਲੈਣਾ;

b. ਦੁਭਾਸ਼ੀਏ ਰਾਹੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਨੂੰ ਆਪਣੀ ਮਰਜ਼ੀ ਨਾਲ ਤਿਆਗਣਾ ਅਤੇ ਦੁਭਾਸ਼ੀਏ ਨੂੰ ਮਾਹਰ ਸੂਚੀ ਵਿੱਚੋਂ ਬਾਹਰ ਕੱਢਣਾ; ਜਾਂ

c. ਇੱਕ ਨਿਪਟਾਰਾ ਇਕਰਾਰਨਾਮਾ ਜਿਸ ‘ਤੇ ਦੁਭਾਸ਼ੀਏ ਅਤੇ ਨਿਆਂਇਕ ਕਮੇਟੀ ਦੇ ਪ੍ਰਸ਼ਾਸ਼ਕੀ ਨਿਰਦੇਸ਼ਕ ਜਾਂ ਉਸਦੇ ਮਨੋਨੀਤ ਰਾਹੀ ਦਸਤਖਤ ਕੀਤੇ ਜਾਂਦੇ ਹਨ। ਪ੍ਰਸ਼ਾਸ਼ਕੀ ਨਿਰਦੇਸ਼ਕ ਜਾਂ ਉਸਦੇ ਮਨੋਨੀਤ ਰਾਹੀਂ ਨਿਪਟਾਰੇ ਦੀ ਮਨਜ਼ੂਰੀ ਇੱਕ ਅੰਤਿਮ ਫੈਸਲਾ ਬਣਾਉਂਦੀ ਹੈ ਅਤੇ ਇਹ ਅਗਲੇਰੀ ਸਮੀਖਿਆ ਦੇ ਅਧੀਨ ਨਹੀਂ ਹੈ।

2. ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦਾ ਸਵੈਇੱਛਤ ਸਮਰਪਣ, ਦੁਭਾਸ਼ੀਏ ਤੋਂ ਮੰਗ ਕਰਦਾ ਹੈ ਕਿ ਉਹ ਦੁਭਾਸ਼ੀਏ ਦੇ ਅਨੁਵਾਦ ਕਰਨ ਦੇ ਪ੍ਰਮਾਣ-ਪੱਤਰ ਨੂੰ ਆਪਣੀ ਮਰਜ਼ੀ ਨਾਲ ਤਿਆਗਣ ਦੀ ਲਿਖਤੀ ਸੂਚਨਾ ਅਦਾਲਤੀ ਦੁਭਾਸ਼ੀਆਂ ਕਾਰਜਕ੍ਰਮ ਨੂੰ ਪ੍ਰਦਾਨ ਕਰੇ। CIP ਨੂੰ ਲਿਖਤੀ ਸੂਚਨਾ ਸਪੁਰਦ ਕੀਤੇ ਜਾਣ 'ਤੇ, ਕਿਸੇ ਵੀ ਪ੍ਰਮਾਣ-ਪੱਤਰ ਦੀ ਸਮੀਖਿਆ ਅਤੇ/ਜਾਂ ਕਿਸੇ ਪ੍ਰਮਾਣ-ਪੱਤਰ 'ਤੇ ਪਾਬੰਦੀਆਂ ਜਾਂ ਮਨਸੂਖੀ ਲਗਾਉਣ ਲਈ ਪ੍ਰਸ਼ਾਸ਼ਕੀ ਸੁਣਵਾਈ ਦੀ ਪ੍ਰਕਿਰਿਆ, ਜੋ ਕਿ ਇਸ ਤਹਿਤ ਸ਼ੁਰੂ ਕੀਤੀ ਗਈ ਹੈ, ਖਤਮ ਹੋ ਜਾਵੇਗੀ। ਦੁਭਾਸ਼ੀਏ ਦਾ ਪ੍ਰਮਾਣ-ਪੱਤਰ ਨੂੰ ਤਿਆਰ ਕਰ ਦੇਣ 'ਤੇ, ਦੁਭਾਸ਼ੀਏ ਦਾ ਨਾਮ ਮਾਹਰ ਸੂਚੀ ਵਿੱਚੋਂ ਹਟਾ ਦਿੱਤਾ ਜਾਵੇਗਾ ਅਤੇ ਉਹ California ਦੀਆਂ ਅਦਾਲਤਾਂ ਵਿੱਚ ਜ਼ੁਬਾਨੀ ਅਨੁਵਾਦ ਕਰਨ ਅਤੇ CIP ਦਾ ਹਿੱਸਾ ਬਣਨ ਲਈ ਹੋਰ ਯੋਗ ਨਹੀਂ ਰਹੇਗਾ। ਪ੍ਰਮਾਣ-ਪੱਤਰ ਦੀ ਸਮੀਖਿਆ ਵਾਸਤੇ ਬੇਨਤੀ ਅਤੇ ਕਾਰਵਾਈਆਂ ਤੋਂ ਪੈਦਾ ਹੋਣ ਵਾਲੀਆਂ ਪਾਬੰਦੀਆਂ ਦੀ ਉਸ ਸੂਰਤ ਵਿੱਚ ਸਮੀਖਿਆ ਕੀਤੀ ਜਾ ਸਕਦੀ ਹੈ ਜੇਕਰ ਦੁਭਾਸ਼ੀਆ ਆਪਣੇ ਪ੍ਰਮਾਣ-ਪੱਤਰ ਨੂੰ ਮੁੜ-ਬਹਾਲ ਕਰਨ ਦੀ ਮੰਗ ਕਰਦਾ ਹੈ।

3. ਕਿਸੇ ਅਦਾਲਤੀ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ, CIP ਦੇ ਵੈੱਬਪੰਨੇ 'ਤੇ ਜਨਤਕ ਖੁਲਾਸੇ ਨਾਲ ਸੰਬੰਧਿਤ ਨਿਯਮਾਂ ਦੇ ਅਨੁਸਾਰ ਚੜ੍ਹਾਇਆ ਜਾ ਸਕਦਾ ਹੈ।

4. CIP ਦੇ ਇਖਤਿਆਰ 'ਤੇ, ਉਪਰੋਕਤ ਲਈ ਪ੍ਰਦਾਨ ਕੀਤੇ ਗਏ ਕਿਸੇ ਵੀ ਮਤੇ 'ਤੇ ਵਿਚਾਰ ਕੀਤਾ ਜਾ ਸਕਦਾ ਹੈ ਅਤੇ ਦੋਸ਼ ਲਗਾਉਣ ਵਾਲੇ ਦਸਤਾਵੇਜ਼ ਨੂੰ ਦਾਇਰ ਕਰਨ ਤੋਂ ਬਾਅਦ ਸਵੀਕਾਰ ਕੀਤਾ ਜਾ ਸਕਦਾ ਹੈ।

## I. ਪ੍ਰਤੀਨਿਧਤਾ ਦਾ ਅਧਿਕਾਰ

ਇਹਨਾਂ ਪ੍ਰਕਿਰਿਆਵਾਂ ਤਹਿਤ, ਦੁਭਾਸ਼ੀਏ ਦੇ ਖ਼ਰਚੇ 'ਤੇ, ਕਿਸੇ ਦੁਭਾਸ਼ੀਏ ਦੀ ਪ੍ਰਤੀਨਿਧਤਾ ਕਾਨੂੰਨੀ ਸਲਾਹ ਦੁਆਰਾ ਕੀਤੀ ਜਾ ਸਕਦੀ ਹੈ।

## J. ਪ੍ਰਸ਼ਾਸ਼ਕੀ ਸੁਣਵਾਈਆਂ ਦੇ ਦਫਤਰ ਅਤੇ ਨਿਆਂਇਕ ਕਮੇਟੀ ਦੇ ਸਲਾਹਕਾਰੀ ਪੈਨਲ ਦੀ ਸਮੀਖਿਆ ਤੋਂ ਪਹਿਲਾਂ ਦੀਆਂ ਕਾਰਵਾਈਆਂ

ਸੁਣਵਾਈਆਂ ਦਾ ਸੰਚਾਲਨ OAH ਵਿੱਚ ਇੱਕ ਪ੍ਰਸ਼ਾਸ਼ਕੀ ਕਾਨੂੰਨ ਜੱਜ ਦੇ ਸਾਹਮਣੇ ਕੀਤਾ ਜਾਵੇਗਾ ਅਤੇ ਇਹ APA ਵਿੱਚ ਨਿਰਧਾਰਤ ਪ੍ਰਕਿਰਿਆਵਾਂ ਅਤੇ ਲੋੜਾਂ ਤਹਿਤ ਅੱਗੇ ਵਧਣਗੀਆਂ।[3]

ਕਿਸੇ ਪ੍ਰਸ਼ਾਸ਼ਕੀ ਕਾਨੂੰਨ ਜੱਜ ਦੇ ਸਾਹਮਣੇ ਸੁਣਵਾਈ ਤੋਂ ਬਾਅਦ, ਉਹ ਸਰਕਾਰੀ ਜ਼ਾਬਤੇ ਦੀ ਧਾਰਾ 11517 (c) ਦੇ ਅਨੁਸਾਰ ਇੱਕ ਪ੍ਰਸਤਾਵਿਤ ਫੈਸਲਾ ਅਤੇ ਆਦੇਸ਼ ਤਿਆਰ ਕਰੇਗਾ ਜਾਂ ਕਰੇਗੀ। ਇਸ ਤੋਂ ਬਾਅਦ, ਪ੍ਰਸ਼ਾਸਕੀ ਕਾਨੂੰਨ ਜੱਜ ਦੇ ਪ੍ਰਸਤਾਵਿਤ ਫੈਸਲੇ ਅਤੇ ਆਦੇਸ਼ ਦੀ ਸਮੀਖਿਆ ਸਰਕਾਰੀ ਜ਼ਾਬਤੇ ਦੀ ਧਾਰਾ 11517 (c) (2) ਦੀ ਪਾਲਣਾ ਕਰਦੇ ਹੋਏ ਨਿਆਂਇਕ ਕਮੇਟੀ ਦੇ ਅਦਾਲਤੀ ਦੁਭਾਸ਼ੀਆ ਸਲਾਹਕਾਰ ਪੈਨਲ (Court Interpreters Advisory Panel, CIAP) ਦੇ ਮੌਜੂਦਾ ਮੈਂਬਰਾਂ ਨੂੰ ਸ਼ਾਮਿਲ ਕਰਨ ਵਾਲੇ ਤਿੰਨ-ਮੈਂਬਰੀ ਪੈਨਲ ਦੁਆਰਾ ਕੀਤੀ ਜਾਵੇਗੀ, ਅਤੇ ਤਿੰਨ-ਮੈਂਬਰੀ ਪੈਨਲ ਉਸ ਧਾਰਾ ਵਿੱਚ ਦਿੱਤੇ ਅਨੁਸਾਰ ਕੋਈ ਵੀ ਕਾਰਵਾਈ ਕਰ ਸਕਦਾ ਹੈ।[4]

## K. ਪਾਬੰਦੀ[5] ਪ੍ਰਮਾਣ ਪੱਤਰ ਦੇ ਸੰਬੰਧ ਵਿੱਚ

1. ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਪਾਬੰਦੀਆਂ ਦੀ ਕਿਸਮ ਵਿੱਚ ਲਾਜ਼ਮੀ ਤੌਰ 'ਤੇ ਭੜਕਾਊ ਅਤੇ ਸ਼ਾਂਤ ਕਰਨ ਵਾਲੇ ਹਾਲਾਤਾਂ 'ਤੇ ਵਿਚਾਰ ਕਰਨਾ ਸ਼ਾਮਿਲ ਹੋਣਾ ਚਾਹੀਦਾ ਹੈ, ਜਿੰਨ੍ਹਾਂ ਵਿੱਚ ਹੇਠ ਲਿਖੇ ਸ਼ਾਮਿਲ ਹਨ ਪਰ ਸੂਚੀ ਇੱਥੋਂ ਤੱਕ ਹੀ ਸੀਮਤ ਨਹੀਂ ਹੈ:

   a. ਦੁਭਾਸ਼ੀਏ ਦਾ ਇਰਾਦਾ;

   b. ਸ਼ਿਕਾਇਤ ਕਰਤਾ, ਅਦਾਲਤ, ਮੁਕੱਦਮੇਬਾਜ਼ਾਂ, ਤੀਜੀਆਂ ਧਿਰਾਂ, ਜਾਂ ਨਿਆਂਇਕ ਪ੍ਰਕਿਰਿਆਵਾਂ ਨੂੰ ਹੋਣ ਵਾਲੇ ਨੁਕਸਾਨ ਦੀ ਗੰਭੀਰਤਾ ਅਤੇ ਪ੍ਰਭਾਵ; ਅਤੇ

---

[3] ਪ੍ਰਸ਼ਾਸ਼ਕੀ ਪ੍ਰਕਿਰਿਆਵਾਂ ਅਧਿਨਿਯਮ *https://oal.ca.gov/publications/administrative_procedure_act/*, ਅਤੇ ਸਰਕਾਰੀ. ਕੋਡ, § 11500 et seq., *https://california.public.law/codes/ca_gov't_code_section_11500* 'ਤੇ ਦੇਖੋ।

[4] ਤਿੰਨ-ਮੈਂਬਰੀ ਪੈਨਲ ਦਾ ਇੱਕ ਮੈਂਬਰ ਲਾਜ਼ਮੀ ਤੌਰ 'ਤੇ ਇੱਕ ਪ੍ਰਮਾਣਿਤ ਅਦਾਲਤ ਜਾਂ ਨਿਆਂਇਕ ਕਮੇਟੀ ਦੇ ਅਦਾਲਤੀ ਦੁਭਾਸ਼ੀਆ ਸਲਾਹਕਾਰ ਪੈਨਲ ਦਾ ਪੰਜੀਕ੍ਰਿਤ ਦੁਭਾਸ਼ੀਆ ਮੈਂਬਰ ਹੋਣਾ ਚਾਹੀਦਾ ਹੈ।

[5] *California ਅਦਾਲਤੀ ਦੁਭਾਸ਼ੀਆ ਪ੍ਰਮਾਣ-ਪੱਤਰ ਸਮੀਖਿਆ ਪ੍ਰਕਿਰਿਆਂਵਾਂ* ਤੋਂ ਅਲੱਗ, ਪ੍ਰਮਾਣਿਤ ਅਦਾਲਤ ਅਤੇ ਪੰਜੀਕ੍ਰਿਤ ਦੁਭਾਸ਼ੀਆ ਵਾਸਤੇ ਲੋੜਾਂ ਦੀ ਪੂਰਤੀ ਕਰਨ ਲਈ *http://www.courts.ca.gov/23507.htm*, ਵਿੱਚ ਉਜਾਗਰ ਕੀਤੇ ਅਨੁਸਾਰ, California ਦੀ ਪ੍ਰਮਾਣਿਤ ਅਦਾਲਤ ਅਤੇ ਪੰਜੀਕ੍ਰਿਤ ਦੁਭਾਸ਼ੀਆ ਨੂੰ, ਸਾਲਾਨਾ ਲੋੜਾਂ ਦੀ ਪੂਰਤੀ ਕਰਨ ਵਿੱਚ ਅਸਫਲ ਰਹਿਣ ਵਾਸਤੇ ਮੁਅੱਤਲ ਕੀਤਾ ਜਾ ਸਕਦਾ ਹੈ ਜਾਂ ਉਹਨਾਂ ਦੀ ਪ੍ਰਮਾਣਿਕਤਾ ਨੂੰ ਰੱਦ ਕੀਤਾ ਜਾ ਸਕਦਾ ਹੈ।

c. ਦੁਭਾਸ਼ੀਏ ਦਾ ਪਿਛਲੇ ਅਨੁਸ਼ਾਸ਼ਨ ਦਾ ਇਤਿਹਾਸ, ਜਿਸ ਵਿੱਚ ਅਣਉਚਿਤ ਵਿਵਹਾਰ ਦੀ ਕੋਈ ਵੰਨਗੀ ਵੀ ਸ਼ਾਮਿਲ ਹੈ।

2. ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਲੱਗੀਆਂ ਪਾਬੰਦੀਆਂ ਵਿੱਚ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵਧੇਰੇ ਸ਼ਾਮਿਲ ਹੋ ਸਕਦੇ ਹਨ ਪਰ ਸੂਚੀ ਇੱਥੋਂ ਤੱਕ ਹੀ ਸੀਮਤ ਨਹੀਂ ਹੈ:

   a. ਕਿਸੇ ਪ੍ਰਮਾਣਿਤ ਜਾਂ ਪੰਜੀਕ੍ਰਿਤ ਦਰਜਾ ਵਾਲੇ ਪ੍ਰਮਾਣ-ਪੱਤਰ ਨੂੰ ਰੱਦ ਕਰਨਾ ਜੋ ਕਿ ਸਥਾਈ ਜਾਂ ਅਸਥਾਈ ਹੈ;

   b. ਪ੍ਰਮਾਣਿਤ ਜਾਂ ਪੰਜੀਕ੍ਰਿਤ ਦਰਜੇ ਨੂੰ ਕਿਸੇ ਵਿਸ਼ੇਸ਼ ਸਮਾਂ ਮਿਆਦ ਵਾਸਤੇ ਮੁਅੱਤਲ ਕਰਨਾ ਜਿਸਦੇ ਬਾਅਦ ਦੁਭਾਸ਼ੀਏ ਵਾਸਤੇ ਆਪਣੇ ਪ੍ਰਮਾਣ-ਪੱਤਰ ਨੂੰ ਮੁੜ-ਬਹਾਲ ਕਰਨ ਵਾਸਤੇ ਅਦਾਲਤੀ ਦੁਭਾਸ਼ੀਆ ਕਾਰਜਕ੍ਰਮ ਨੂੰ ਇੱਕ ਲਿਖਤੀ ਬੇਨਤੀ ਕਰਨਾ ਲਾਜ਼ਮੀ ਹੈ;

   c. ਦੋ ਸਾਲ ਜਾਂ ਇਸ ਤੋਂ ਘੱਟ ਦੀ ਨਿਯਤ ਮਿਆਦ ਵਾਸਤੇ ਪ੍ਰੋਬੇਸ਼ਨ ਜਿਸ ਦੌਰਾਨ ਦੁਭਾਸ਼ੀਏ ਵਾਸਤੇ ਪ੍ਰਮਾਣ-ਪੱਤਰ ਦੇ ਦਰਜੇ ਨੂੰ ਬਣਾਈ ਰੱਖਣ ਲਈ ਅੰਤਿਮ ਫੈਸਲੇ ਅਤੇ ਆਦੇਸ਼ ਰਾਹੀਂ ਪਰਿਭਾਸ਼ਿਤ ਪ੍ਰੋਬੇਸ਼ਨਰੀ ਸ਼ਰਤਾਂ ਦੀ ਪੂਰਤੀ ਕਰਨਾ ਲਾਜ਼ਮੀ ਹੈ;

   d. ਇਹ ਜ਼ਰੂਰਤ ਵੀ ਹੈ ਕਿ ਪ੍ਰਮਾਣ-ਪੱਤਰ ਦੇ ਦਰਜੇ ਨੂੰ ਬਣਾਈ ਰੱਖਣ ਲਈ ਵਿਸ਼ੇਸ਼ ਸਿੱਖਿਆ ਕੋਰਸ ਕੀਤੇ ਜਾਣ;

   e. ਇੱਕ ਜਨਤਕ ਜਾਂ ਖਾਸ ਫਿਟਕਾਰ; ਅਤੇ

   f. ਇਹ ਜ਼ਰੂਰਤ ਵੀ ਹੈ ਕਿ ਜਿਸ ਸਮੇਂ ਅੰਤਿਮ ਫੈਸਲਾ ਅਤੇ ਆਦੇਸ਼ ਜਾਰੀ ਕੀਤਾ ਜਾਂਦਾ ਹੈ, ਉਸ ਸਮੇਂ ਅਦਾਲਤ ਦਾ ਦੁਭਾਸ਼ੀਆ ਪ੍ਰਮਾਣ-ਪੱਤਰ ਸੰਬੰਧੀ ਇਮਤਿਹਾਨਾਂ ਵਿੱਚ ਸਫਲ ਹੋਵੇ।

## L. ਕਿਸੇ ਪ੍ਰਮਾਣ-ਪੱਤਰ 'ਤੇ ਪਾਬੰਦੀ ਦੀ ਅਧਿਸੂਚਨਾ

1. CIP ਦੇ ਅਮਲੇ ਜਾਂ ਇਸਦੇ ਕਨੂੰਨੀ ਪ੍ਰਤੀਨਿਧ ਨੂੰ ਲਾਜ਼ਮੀ ਤੌਰ 'ਤੇ ਕਿਸੇ ਅੰਤਿਮ ਫੈਸਲੇ ਅਤੇ ਆਦੇਸ਼ ਦੇ ਜਾਰੀ ਕੀਤੇ ਜਾਣ ਦੇ 30 ਦਿਨਾਂ ਦੇ ਅੰਦਰ ਸ਼ਿਕਾਇਤ ਕਰਤਾ, ਦੁਭਾਸ਼ੀਏ, ਅਤੇ ਸਾਰੀਆਂ ਸੰਬੰਧਿਤ ਅਦਾਲਤਾਂ ਨੂੰ ਸੂਚਿਤ ਕਰਨਾ ਚਾਹੀਦਾ ਹੈ ਜੋ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੇ ਖਿਲਾਫ ਪਾਬੰਦੀਆਂ ਦਾ ਵਰਣਨ ਕਰਦਾ ਹੈ। ਇੱਕ ਅੰਤਿਮ ਫੈਸਲੇ ਅਤੇ ਆਦੇਸ਼ ਵਿੱਚ ਜਾਂ ਤਾਂ ਸਰਕਾਰੀ ਜ਼ਾਬਤੇ ਦੀ ਧਾਰਾ 11517(c)(2)(A)–(D) ਦੀ ਤਾਮੀਲ ਕਰਦੇ ਹੋਏ ਕਿਸੇ ਪ੍ਰਸ਼ਾਸ਼ਕੀ ਕਾਨੂੰਨ ਜੱਜ ਦੇ ਤਜਵੀਜ਼ ਕੀਤੇ ਫੈਸਲੇ ਨੂੰ ਤਿੰਨ-ਮੈਂਬਰੀ ਪੈਨਲ ਵੱਲੋਂ ਅਪਣਾਇਆ ਜਾਣਾ ਸ਼ਾਮਿਲ ਹੁੰਦਾ ਹੈ, ਜਾਂ ਫਿਰ ਸਰਕਾਰੀ ਜ਼ਾਬਦੇ ਦੀ ਧਾਰਾ 11517(c)(2)(E) ਵਿੱਚ ਵਰਣਨ ਕੀਤੀ ਪ੍ਰਕਿਰਿਆ ਦੀ ਪੂਰਤੀ ਕਰਦੇ ਹੋਏ ਤਿੰਨ-ਮੈਂਬਰੀ ਪੈਨਲ ਦਾ ਨਵਾਂ ਫੈਸਲਾ ਜਾਰੀ ਕਰਨਾ ਸ਼ਾਮਿਲ ਹੁੰਦਾ ਹੈ।

2. CIP ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਦੇ ਦਰਜੇ ਬਾਰੇ ਜਾਣਕਾਰੀ ਨੂੰ "CIP" ਵੈੱਬਪੰਨੇ 'ਤੇ ਜਨਤਕ ਖ਼ੁਲਾਸੇ ਨੂੰ ਸੰਚਾਲਿਤ ਕਰਨ ਵਾਲੇ ਨਿਯਮਾਂ ਦੇ ਅਨੁਸਾਰ ਚੜ੍ਹਾ ਸਕਦਾ ਹੈ।

**M. ਅਪੀਲਾਂ**

ਦੁਭਾਸ਼ੀਆ ਅੰਤਿਮ ਫੈਸਲੇ ਅਤੇ ਆਦੇਸ਼ ਦੇ ਖਿਲਾਫ ਅਪੀਲ ਕਰ ਸਕਦਾ ਹੈ ਜਿਵੇਂ ਕਿ APA ਦੇ ਸਰਕਾਰੀ ਜ਼ਾਬਤੇ ਦੀ ਧਾਰਾ 11523 ਵੱਲੋਂ ਇਖਤਿਆਰ ਦਿੱਤਾ ਗਿਆ ਹੈ।

**N. ਮੁੜ-ਬਹਾਲੀ**

ਕੋਈ ਦੁਭਾਸ਼ੀਆ ਜਿਸਦਾ California ਅਦਾਲਤੀ ਦੁਭਾਸ਼ੀਆ ਪ੍ਰਮਾਣ-ਪੱਤਰ ਮੁਅੱਤਲ ਕਰ ਦਿੱਤਾ ਗਿਆ ਹੈ ਜਾਂ ਅਸਥਾਈ ਤੌਰ 'ਤੇ ਰੱਦ ਕਰ ਦਿੱਤਾ ਗਿਆ ਹੈ, ਉਹ ਉਸ ਫੈਸਲੇ ਅਤੇ ਆਦੇਸ਼ ਵਿੱਚ ਨਿਯਤ ਕੀਤੇ ਸਮੇਂ ਦੇ ਅੰਦਰ ਮੁੜ-ਬਹਾਲੀ ਵਾਸਤੇ CIP ਨੂੰ ਲਿਖਤੀ ਰੂਪ ਵਿੱਚ ਅਰਜ਼ੀ ਦੇ ਸਕਦਾ ਹੈ ਜਿਸਨੇ ਪਾਬੰਦੀ ਲਗਾ ਦਿੱਤੀ ਸੀ। CIP ਕੋਲ ਇਹ ਨਿਰਧਾਰਿਤ ਕਰਨ ਵਿੱਚ ਇੱਕਮਾਤਰ ਇਖਤਿਆਰ ਹੋਵੇਗਾ ਕਿ ਕੀ ਮੁੜ-ਬਹਾਲੀ ਦੀਆਂ ਸ਼ਰਤਾਂ ਪੂਰੀਆਂ ਹੋ ਗਈਆਂ ਹਨ ਜਾਂ ਨਹੀਂ।

**O. ਗੁਪਤਤਾ**

ਸਮੀਖਿਆ ਵਾਸਤੇ ਸਾਰੀਆਂ ਬੇਨਤੀਆਂ, ਇਕੱਤਰ ਕੀਤੇ ਸਬੂਤ, ਅਤੇ ਜਾਂਚਾਂ ਲਾਜ਼ਮੀ ਤੌਰ 'ਤੇ ਗੁਪਤ ਹੋਣੀਆਂ ਚਾਹੀਦੀਆਂ ਹਨ, ਸਿਵਾਏ ਉਸ ਸਮੇਂ ਦੇ ਜਦੋਂ ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ 'ਤੇ ਪਾਬੰਦੀ ਲਗਾਉਣ ਦਾ ਅੰਤਿਮ ਫੈਸਲਾ ਅਤੇ ਆਦੇਸ਼ ਜਾਰੀ ਹੋ ਜਾਂਦਾ ਹੈ। ਇਹਨਾਂ ਸੀਮਤ ਹਾਲਾਤਾਂ ਵਿੱਚ, ਅੰਤਿਮ ਫੈਸਲਾ ਅਤੇ ਆਦੇਸ਼, ਲਗਾਈ ਗਈ ਪਾਬੰਦੀ(ਆਂ) ਵਾਸਤੇ ਆਧਾਰ, ਅਤੇ ਪ੍ਰਮਾਣ-ਪੱਤਰ-ਸਬੰਧਿਤ ਪਾਬੰਦੀ(ਆਂ) ਬਾਰੇ ਅੰਤਿਮ ਫੈਸਲੇ ਅਤੇ ਆਦੇਸ਼ ਦਾ ਸਮਰਥਨ ਕਰਨ ਲਈ ਹਵਾਲਾ ਦਿੱਤੇ ਤੱਥ, ਕਿਸੇ ਦੁਭਾਸ਼ੀਏ ਦੇ ਪ੍ਰਮਾਣ-ਪੱਤਰ ਨੂੰ ਰੱਦ ਕਰਨ ਤੱਕ ਅਤੇ ਇਸ ਵਿੱਚ ਸ਼ਾਮਿਲ ਹਨ, ਇਹ ਲਾਜ਼ਮੀ ਤੌਰ 'ਤੇ ਜਨਤਾ ਵਾਸਤੇ ਪਹੁੰਚਯੋਗ ਹੋਣੇ ਚਾਹੀਦੇ ਹਨ।

ਇੱਕ ਅੰਤਿਮ ਫੈਸਲਾ ਅਤੇ ਆਦੇਸ਼ ਧਾਰਾ L, ਪ੍ਰਮਾਣ-ਪੱਤਰ 'ਤੇ ਪਾਬੰਦੀ ਦੀ ਅਧਿਸੂਚਨਾ ਦੇ ਅਨੁਸਾਰ ਹੁੰਦੇ ਹਨ।

ਜਨਤਕ ਤੌਰ 'ਤੇ ਪਹੁੰਚਣਯੋਗ ਜਾਣਕਾਰੀ ਨੂੰ ਨਿਆਂਇਕ ਕਮੇਟੀ ਦੇ "ਅਦਾਲਤੀ ਦੁਭਾਸ਼ੀਆ ਕਾਰਜਕ੍ਰਮ" ਵੈੱਬਪੰਨੇ 'ਤੇ ਚੜ੍ਹਾਈ ਜਾ ਸਕਦੀ ਹੈ ਜਾਂ ਇਸਨੂੰ ਸਰਕਾਰੀ ਜ਼ਾਬਤੇ ਦੀ ਧਾਰਾ 68106.2 ਅਤੇ California ਅਦਾਲਤ ਦੇ ਨਿਯਮਾਂ ਦੇ ਨਿਯਮ 10.500 ਦੇ ਤਹਿਤ ਨਿਆਂਇਕ ਕਮੇਟੀ ਨੂੰ ਇੱਕ ਜਨਤਕ ਰਿਕਾਰਡਾਂ ਦੀ ਬੇਨਤੀ ਰਾਹੀਂ ਉਪਲਬਧ ਕਰਵਾਇਆ ਜਾ ਸਕਦਾ ਹੈ।